

ISSN NO. 2454-
Peer reviewed Research Journal

# INDRAPRASHTA

## Multi-lingual research journal of Delhi

Chief-Editor

Dr. Kamal Jit Singh
Associate Professor, Dyal Singh College, DU

Tenth Years, … -June, 2024

Lingual of Delhi, Literature and Cultural Council
New Delhi

ISSN NO. 2454-5821

# INDRAPRASHTA

*Multi-lingual research journal of Delhi*

Chief-Editor

Dr. Kamal Jit Singh
Associate Professor, Dyal Singh College, DU

Tenth Years | January-June, 2024

Peer reviewed Research Journal

*Lingual of Delhi, Literature and Cultural Council*
*New Delhi*

ISSN NO. 2454-5821

INDRAPRASHTA
A Multi-lingual research journal of Delhi
Lingual of Delhi, Literature and Cultural Council
New Delhi

Vol: 10:1
New Delhi
First Publish 2015
Peer reviewed Research Journal

Chief-Editor

Dr. Kamal Jit Singh
Associate Professor, Dyal Singh College, DU
Kamaljitsinghdu@gmail.com

indraprashtaa.researchjournal@yahoo.com

Mirror publishing House
62/4248 Karol Bagh reghor pura
Price 200/-

Peer reviewed

Prof. D. Uma Devi, Professor, Dept of MIL&LS,. University of *Delhi*

Prof. Munshi Md Younus, ZHDC EV. University Of Delhi

Dr. Antara Chaudhary, Deshbandhu College, University Of Delhi

Dr. Dr.Nadeem Ahmed, Kirori Mal College , University of Delhi

## Editorial Board

Dr. G. L. Patidar

Dr. Harjinder Singh

Dr. Mithilesh Kumar Pandey

Dr. Lakhwant Singh

Dr. Debdip Dhibar

Dr. Rup Kumar Ari

# INDEX

Editor's Voice 5-6

Challenges in NEP 2020
Dr. G. L. Patidar, Sparsh Patidar 9-15

'गौरी' कहानी में सुभद्रा कुमारी चौहान की स्त्री चेतना
डॉ. सुनील कुमार मांडीवाल 16-23

रत्नकुमार सांभरियाँ की कहानी 'बेस' के माध्यम से आदिवासी-विमर्श एवं 'पुरस्कार' कहानी के माध्यम से सत्ता-विमर्श
डॉ. पूनम सिंह 24-31

काका कालेकर तथा उनकी जीवन दृष्टि
डॉ. ज्ञानेन्द्र कुमार, डॉ. पप्पू राम मीणा 32-41

दलित पैंथर्स आंदोलन एवं अंबेडकर विचारधारा का पंजाब में प्रभाव
डॉ. कमल जीत सिंह 42-49

भारतीय इतिहास में महिला शिक्षा का क्रमिक विकास: राष्ट्रीय शिक्षा नीति 2020 के संदर्भ में
पारुल ए. कौशिक 50-59

योग और उसकी दार्शनिकता
डॉ. मिथिलेश कुमार पाण्डेय 60-66

ਪਰਵਾਸੀ ਪੰਜਾਬੀ ਨਾਟਕ : ਬਹੁ-ਸਭਿਆਚਾਰਕ ਪਰਿਪੇਖ

ਡਾ. ਹਰਜਿੰਦਰ ਸਿੰਘ 67-78

ਬੁੱਧ ਤੇ ਜੈਨ ਧਰਮ ਦੀਆਂ ਸਮਾਨਤਾਵਾਂ ਤੇ ਵੱਖਰਤਾਵਾਂ

ਚਰਨ ਪ੍ਰੀਤ ਸਿੰਘ 79-89

অজন্তার ১০টি সংখ্যার তথ্যগত রূপ ও বৈচিত্র্য

ডঃ রূপকুমার আড়ি 90-105

# ਪਰਵਾਸੀ ਪੰਜਾਬੀ ਨਾਟਕ : ਬਹੁ-ਸਭਿਆਚਾਰਕ ਪਰਿਪੇਖ

**ਡਾ. ਹਰਜਿੰਦਰ ਸਿੰਘ**[14]

ਪਰਵਾਸੀ ਪੰਜਾਬੀ ਨਾਟਕ ਆਧੁਨਿਕ ਸਮਿਆਂ ਵਿਚ ਉਪਜੇ ਮੁੱਖ ਧਾਰਾ ਦੇ ਪੰਜਾਬੀ ਨਾਟਕ ਦਾ ਅਹਿਮ ਜ਼ੁੱਜ ਹੈ। ਪਰਵਾਸੀ ਪੰਜਾਬੀ ਨਾਟਕ ਦਾ ਵਿਭਿੰਨ ਦ੍ਰਿਸ਼ਟੀਆਂ ਤੋਂ ਅਧਿਐਨ-ਵਿਸ਼ਲੇਸ਼ਣ ਕਰਨਾ ਇਸ ਲਈ ਵੀ ਸਾਰਥਿਕ ਜਾਪਦਾ ਹੈ ਕਿਉਂਕਿ ਇਹ ਨਾਟਕ ਬਹੁ-ਸਭਿਆਚਾਰਕ ਸਮਾਜਾਂ ਵਿਚ ਵਿਚਰ ਰਹੇ ਪਰਵਾਸੀ ਪੰਜਾਬੀ ਭਾਈਚਾਰੇ ਦੇ ਬਹੁ-ਆਯਾਮੀ ਸਭਿਆਚਾਰਕ ਸਰੋਕਾਰਾਂ ਨੂੰ ਆਪਣੇ ਵਸਤੂ ਵਜੋਂ ਗ੍ਰਹਿਣ ਕਰਦਾ ਹੈ। ਪਰਵਾਸੀ ਪੰਜਾਬੀ ਨਾਟਕ ਪੰਜਾਬੀ ਭਾਈਚਾਰੇ ਵੱਲੋਂ ਆਪਣੇ ਦੇਸ ਪਰਦੇਸ ਵਿਚ ਪਰਵਾਸ ਕਰਨ ਸਮੇਂ ਹੋਏ ਅਨੁਭਵਾਂ ਦੇ ਨਾਟਕੀ ਰੂਪਾਂਤਰਣ ਵਿਚੋਂ ਆਪਣੀ ਹੋਂਦ ਗ੍ਰਹਿਣ ਕਰਦਾ ਹੈ। ਅਸਲ ਵਿਚ ਪੰਜਾਬੀ ਭਾਈਚਾਰੇ ਨੂੰ ਵਾਸੀ ਤੋਂ ਪਰਵਾਸੀ ਹੋ ਜਾਣ ਨਾਲ ਜਿਥੇ ਜ਼ਿੰਦਗੀ ਜਿਉਣ ਦੇ ਨਵੇਂ ਅਨੁਭਵ ਪ੍ਰਾਪਤ ਹੋਏ ਉਥੇ ਅੰਤਰ-ਰਾਸ਼ਟਰੀ ਪੱਧਰ 'ਤੇ ਬਹੁ-ਸਭਿਆਚਾਰਵਾਦ ਦੇ ਅੰਤਰਗਤ ਬਹੁ-ਸਭਿਆਚਾਰਕ ਭਾਈਚਾਰਿਆਂ ਨਾਲ ਜੀਣ-ਥੀਣ ਦੀਆਂ ਚੁਣੌਤੀਆਂ ਵੀ ਪੈਦਾ ਹੋਈਆਂ। ਪਰਵਾਸੀ ਪੰਜਾਬੀ ਭਾਈਚਾਰੇ ਵੱਲੋਂ ਪਰਵਾਸ ਧਾਰਨ ਨਾਲ ਹੀ ਪਰਵਾਸੀ ਸੋਚ ਅਤੇ ਚਿੰਤਨ ਸੁਤੰਤਰ ਰੂਪ ਵਿਚ ਵੀਹਵੀਂ ਸਦੀ ਦੇ ਛੇਵੇਂ-ਸੱਤਵੇਂ ਦਹਾਕੇ ਵਿਚ ਸਥੂਲ ਰੂਪ ਵਿਚ ਉਭਰਦੇ ਹਨ। ਇਸ ਸਮੇਂ ਦੌਰਾਨ ਪੜ੍ਹੇ ਲਿਖੇ ਪੰਜਾਬੀ ਨੌਜਵਾਨਾਂ ਨੇ ਰੁਜ਼ਗਾਰ ਦੀ ਤਲਾਸ਼ ਵਿਚ ਤੇ ਵਧੇਰੇ ਆਰਥਿਕ ਸਾਧਨਾਂ ਦੀ ਪ੍ਰਾਪਤੀ ਹਿੱਤ ਪੱਛਮੀ ਮੁਲਕਾਂ ਵੱਲ ਪਰਵਾਸ ਕੀਤਾ। ਇਸ ਨੌਜਵਾਨ ਵਰਗ ਨੇ ਪਰਵਾਸ ਦੌਰਾਨ ਨਾ-ਕੇਵਲ ਆਰਥਿਕ ਤੌਰ 'ਤੇ ਆਪਣੇ ਆਪ ਨੂੰ ਸਮਰੱਥ ਬਣਾਇਆ ਸਗੋਂ ਇਸ ਸਮੇਂ ਦੌਰਾਨ ਹੋਏ ਕੌੜੇ-ਮਿੱਠੇ ਅਨੁਭਵਾਂ ਨੂੰ ਸਾਹਿਤਕ ਅਭਿਵਿਅਕਤੀ ਦਾ ਆਧਾਰ ਵੀ ਬਣਾਇਆ। ਇਸ ਸਾਹਿਤਕ ਅਭਿਵਿਅਕਤੀ

---

[14] ਪੰਜਾਬੀ ਅਤੇ ਡੋਗਰੀ ਵਿਭਾਗ

ਹਿਮਾਚਲ ਪ੍ਰਦੇਸ ਕੇਂਦਰੀ ਯੂਨੀਵਰਸਿਟੀ,

ਧਰਮਸ਼ਾਲਾ।

ਵਿਚੋਂ ਹੀ ਪਰਵਾਸੀ ਪੰਜਾਬੀ ਕਵਿਤਾ, ਕਹਾਣੀ, ਨਾਵਲ, ਨਾਟਕ ਤੇ ਵਾਰਤਕ ਆਦਿ ਸਾਹਿਤ ਰੂਪ ਹੋਂਦ ਗ੍ਰਹਿਣ ਕਰਦੇ ਹਨ। ਪਰਵਾਸੀ ਪੰਜਾਬੀ ਸਾਹਿਤ ਦੇ ਇਹਨਾਂ ਰੂਪਾਂ ਵਿਚੋਂ ਪਰਵਾਸੀ ਪੰਜਾਬੀ ਨਾਟਕ ਅਜਿਹਾ ਸਾਹਿਤ ਰੂਪ ਹੈ ਜੋ ਦੂਜੇ ਸਾਹਿਤ ਰੂਪਾਂ ਨਾਲੋਂ ਨਾ-ਕੇਵਲ ਘੱਟ ਵਿਕਸਿਤ ਹੋਇਆ ਸਗੋਂ ਇਹ ਸਮੀਖਿਆ ਦੇ ਪੱਖ ਤੋਂ ਵੀ ਅਣਗੌਲਿਆ ਹੀ ਰਿਹਾ ਹੈ। ਅਸਲ ਵਿਚ "ਨਾਟਕ ਦ੍ਰਿਸ਼ ਕਾਵਿ ਅਤੇ ਜਟਿਲ ਰਚਨਾਤਮਕ ਪ੍ਰਕਿਰਿਆ ਹੈ ਜੋ ਮੰਚ ਦੀ ਹੋਂਦ ਬਿਨ੍ਹਾਂ ਸੰਭਵ ਨਹੀਂ। ਨਾਟਕ ਰਚਨਾ ਦੇ ਵਿਕਾਸ ਵਿਚ ਰੰਗਮੰਚ ਦੀ ਹੋਂਦ ਅਤੇ ਇਸ ਦੀ ਪ੍ਰਾਪਤੀ ਦੀ ਸੁਵਿਧਾ ਆਪਣਾ ਵਿਸ਼ੇਸ਼ ਯੋਗਦਾਨ ਪਾਉਣ ਦੇ ਸਮਰੱਥ ਹੁੰਦੀ ਹੈ। ਪਰਵਾਸ ਦੌਰਾਨ ਸਮੇਂ ਦੀ ਘਾਟ ਅਤੇ ਸਮੱਸਿਆਵਾਂ ਦੀ ਅਣਹੋਂਦ ਕਾਰਨ ਰੰਗਮੰਚੀ ਪ੍ਰਕਿਰਿਆ ਨੂੰ ਪ੍ਰਭਾਵਸ਼ਾਲੀ ਰੂਪ ਵਿਚ ਪ੍ਰਸਤੁਤ ਨਹੀਂ ਕੀਤਾ ਜਾ ਸਕਿਆ।"[1] ਇਸ ਦੇ ਬਾਵਜੂਦ ਕੈਨੇਡਾ, ਇੰਗਲੈਂਡ ਅਤੇ ਕੀਨੀਆਂ ਆਦਿ ਮੁਲਕਾਂ ਵਿਚੋਂ ਪਰਵਾਸੀ ਪੰਜਾਬੀ ਨਾਟਕਕਾਰਾਂ ਵੱਲੋਂ ਗਿਣਾਤਮਿਕ ਤੇ ਗੁਣਾਤਮਕ ਪੱਖੋਂ ਗੌਲਣਯੋਗ ਨਾਟਕ ਲਿਖਿਆ ਜਾ ਰਿਹਾ ਹੈ। ਇਸ ਨਾਟਕ ਦਾ ਬਹੁ-ਸਭਿਆਚਾਰਵਾਦ ਦੀ ਦ੍ਰਿਸ਼ਟੀ ਤੋਂ ਅਧਿਐਨ-ਵਿਸ਼ਲੇਸ਼ਣ ਕਰਨਾ ਹਥਲੇ ਖੋਜ-ਪੱਤਰ ਦਾ ਮੂਲ ਮਨੋਰਥ ਹੈ।

'ਬਹੁ-ਸਭਿਆਚਾਰਵਾਦ' ਉੱਤਰ-ਆਧੁਨਿਕਵਾਦ ਅਤੇ ਉੱਤਰ-ਬਸਤੀਵਾਦ ਦੇ ਅੰਤਰਗਤ ਪੈਦਾ ਹੋਇਆ ਅਜਿਹਾ ਨਵਾਂ ਵਰਤਾਰਾ ਹੈ ਜੋ ਨਵੀਂ ਸਾਹਿਤ ਅਧਿਐਨ ਵਿਧੀ ਵਜੋਂ ਸਥਾਪਤ ਹੋ ਰਿਹਾ ਹੈ। ਬਹੁ-ਸਭਿਆਚਾਰਵਾਦ ਇਕ ਅਜਿਹਾ ਵਰਤਾਰਾ ਹੈ ਜਿਹੜਾ ਭਿੰਨ-ਭਿੰਨ ਸਮਾਜ-ਸਭਿਆਚਾਰਕ ਲੋਕ-ਸਮੂਹਾਂ ਦੀਆਂ ਸਭਿਆਚਾਰਕ ਵਿਲੱਖਣਤਾਵਾਂ ਅਤੇ ਸਮਾਨਤਾਵਾਂ ਦਾ ਗਿਆਨ ਪ੍ਰਦਾਨ ਕਰਦਾ ਹੈ। ਇਸ ਵਰਤਾਰੇ ਦੇ ਅੰਤਰਗਤ ਕਿਸੇ ਵਿਸ਼ੇਸ਼ ਲੋਕ ਸਮੂਹ ਦੇ ਸਭਿਆਚਾਰ ਦੀਆਂ ਉਨ੍ਹਾਂ ਕਦਰਾਂ ਕੀਮਤਾਂ ਦਾ ਅਧਿਐਨ-ਵਿਸ਼ਲੇਸ਼ਣ ਕੀਤਾ ਜਾਂਦਾ ਹੈ ਜੋ ਉਸ ਸਭਿਆਚਾਰ ਦੀ ਹੋਂਦ ਅਤੇ ਵਿਕਾਸ ਲਈ ਲਾਜ਼ਮੀ ਗਰਦਾਨੇ ਜਾਂਦੇ ਹਨ। ਮਨੁੱਖੀ ਸਮਾਜ ਲਈ ਇਸ ਵਰਤਾਰੇ ਦੇ ਸਾਕਾਰਾਤਮਕ ਪਹਿਲੂਆਂ ਤੋਂ ਪ੍ਰਭਾਵਿਤ ਹੋ ਕੇ ਮਨੁੱਖ ਜਾਂ ਮਨੁੱਖੀ ਸਮੂਹ ਆਪਣੇ ਹਿੱਤਾਂ ਦੇ ਨਾਲ-ਨਾਲ ਦੂਜੇ ਮਨੁੱਖ ਜਾਂ ਮਨੁੱਖੀ ਸਮੂਹਾਂ ਦੇ ਹਿੱਤਾਂ ਅਤੇ ਸਭਿਆਚਾਰਕ ਵਿਲੱਖਣਤਾਵਾਂ ਨੂੰ ਵੀ ਪ੍ਰਵਾਨ ਕਰਦੇ ਹਨ। ਅਸਲ ਵਿਚ "ਬਹੁ-ਸਭਿਆਚਾਰਵਾਦ ਦੀ ਧਾਰਨਾ ਉਨ੍ਹਾਂ ਦੇਸ਼ਾਂ ਜਾਂ ਸਮਾਜਾਂ ਵਿਚ ਪੈਦਾ ਹੋਈ ਜਿਥੇ ਅਨੇਕਾਂ

ਸਭਿਆਚਾਰਕ ਫ਼ਿਰਕਿਆਂ ਦੇ ਲੋਕਾਂ ਦੀ ਹੋਂਦ ਸੀ। ਸਮੁੱਚੇ ਸੰਸਾਰ ਦੇ ਇਤਿਹਾਸ 'ਤੇ ਝਾਤ ਮਾਰੀਏ ਤਾਂ ਵੱਖ-ਵੱਖ ਸਭਿਆਚਾਰਾਂ ਦੇ ਲੋਕਾਂ ਵਿਚ ਆਦਾਨ-ਪ੍ਰਦਾਨ ਦੇ ਭਰਵੇਂ ਸੰਕੇਤ ਮਿਲਦੇ ਹਨ। ਹੁਣ ਵੀ ਦੁਨੀਆਂ ਵਿਚ ਲਗਭਗ ਦੋ ਸੌ ਰਾਸ਼ਟਰ ਹਨ, ਜਿਨ੍ਹਾਂ ਵਿਚ ਹਜਾਰਾਂ ਭਾਸ਼ਾਵਾਂ ਬੋਲਣ ਵਾਲੇ ਵਿਭਿੰਨ ਸਮੂਹਾਂ ਦੇ ਲੋਕ ਰਹਿੰਦੇ ਹਨ। ਸਾਰਿਆਂ ਦੀ ਆਪਣੀ-ਆਪਣੀ ਭਾਸ਼ਾਈ ਅਤੇ ਸਭਿਆਚਾਰਕ ਤੌਰ 'ਤੇ ਵੱਖਰੀ ਪਛਾਣ ਹੈ ਪਰ ਫਿਰ ਵੀ ਉਨ੍ਹਾਂ ਵਿਚ ਸਭਿਆਚਾਰਕ ਸਹਿਹੋਂਦ ਦੇ ਅਨੇਕ ਨਮੂਨੇ ਮਿਲ ਜਾਂਦੇ ਹਨ।"[2] ਇਸ 'ਸਭਿਆਚਾਰਕ ਸਹਿਹੋਂਦ ਦੀ ਪਛਾਣ ਅਤੇ ਅਧਿਐਨ ਦੇ ਨਾਲ-ਨਾਲ ਵਿਭਿੰਨ ਸਭਿਆਚਾਰਕ ਪਿਛੋਕੜਾਂ ਵਾਲੇ ਭਾਈਚਾਰਿਆਂ ਵਿਚਲੇ ਅੰਤਰ-ਸਬੰਧਾਂ ਅਤੇ ਅੰਤਰ-ਵਿਰੋਧਾਂ ਦਾ ਅਧਿਐਨ ਕਰਨਾ ਹੀ ਬਹੁ-ਸਭਿਆਚਾਰਵਾਦ ਦਾ ਕੇਂਦਰੀ ਨੁਕਤਾ ਹੈ।

ਇਉਂ ਬਹੁ-ਸਭਿਆਚਾਰਵਾਦ ਇਕ ਅਜਿਹੀ ਸਾਹਿਤ ਅਧਿਐਨ ਵਿਧੀ ਵਜੋਂ ਦ੍ਰਿਸ਼ਟੀਗੋਚਰ ਹੁੰਦਾ ਹੈ ਜਿਸ ਦੇ ਅੰਤਰਗਤ ਵਿਭਿੰਨ ਸਭਿਆਚਾਰਕ ਸਮੂਹਾਂ ਦੀ ਆਪਸੀ ਸਹਿਹੋਂਦ ਅਤੇ ਵਿਲੱਖਣਤਾਵਾਂ ਨੂੰ ਅਧਿਐਨ ਵਸਤੂ ਵਜੋਂ ਗ੍ਰਹਿਣ ਕੀਤਾ ਜਾਂਦਾ ਹੈ। ਇਸ ਅਧਿਐਨ ਵਿਧੀ ਤੋਂ ਪ੍ਰਾਪਤ ਹੋਈਆਂ ਅੰਤਰ-ਦ੍ਰਿਸ਼ਟੀਆਂ ਤਹਿਤ ਭਿੰਨ-ਭਿੰਨ ਮੁਲਕਾਂ ਦੇ ਸਭਿਆਚਾਰਾਂ ਦੇ ਕਦਰ-ਪ੍ਰਬੰਧ ਵਿਚ ਸਹਿਹੋਂਦ ਦੀਆਂ ਸੰਭਾਵਨਾਵਾਂ ਵਧਦੀਆਂ ਹਨ ਅਤੇ ਇਕ-ਦੂਜੇ ਦੀਆਂ ਸਭਿਆਚਾਰਕ ਵਿਲੱਖਣਤਾਵਾਂ ਨੂੰ ਪ੍ਰਵਾਨ ਕਰਨ ਦੀ ਸਹਿਣਸ਼ੀਲਤਾ ਵੀ ਵਧਦੀ ਹੈ। ਅਸਲ ਵਿਚ "ਬਹੁ-ਸਭਿਆਚਾਰਵਾਦ ਦਾ ਸੰਬੰਧ ਸਮਾਨਤਾ ਦੇ ਮਸਲੇ ਨਾਲ ਹੈ। ਇਸ ਦੀ ਚਾਹਨਾ ਹੈ ਕਿ ਵਿਭਿੰਨ ਕੌਮਾਂ, ਸਮੁਦਾਇ ਤੇ ਫਿਰਕੇ ਆਪਸੀ ਸਹਿਯੋਗ ਤੇ ਸ਼ਾਂਤੀ ਨਾਲ ਇਕੱਠੇ ਰਹਿਣ। ਇਹ ਅੰਦਰੂਨੀ ਅਤੇ ਬਾਹਰੀ ਤੌਰ 'ਤੇ ਸਮਾਜਿਕ ਖੇਤਰਾਂ ਅੰਦਰ ਇਕ-ਦੂਜੇ ਦਾ ਸਾਥ ਦੇਣ।"[3] ਇਸ ਨਾਲ ਵਿਭਿੰਨ ਸਮਾਜਿਕ ਸਮੂਹਾਂ ਵਿਚ ਆਪਣੀ ਵਿਲੱਖਣ ਸਭਿਆਚਾਰਕ ਪਛਾਣ ਰੱਖਣ ਦੇ ਨਾਲ-ਨਾਲ ਬਰਾਬਰਤਾ ਅਤੇ ਸਹਿਹੋਂਦ ਦੇ ਸੰਬੰਧ ਸਥਾਪਤ ਹੁੰਦੇ ਹਨ। ਜਿਸ ਸਦਕਾ ਭਿੰਨ-ਭਿੰਨ ਧਰਮਾਂ, ਪਿਛੋਕੜਾਂ ਅਤੇ ਬੋਲੀਆਂ ਬੋਲਣ ਵਾਲੇ ਜਨ-ਸਮੂਹ ਇਕੱਠੇ ਰਹਿ ਸਕਦੇ ਹਨ ਜਿਸ ਨਾਲ ਮਾਨਵੀ ਸਭਿਆਚਾਰ ਵਧੇਰੇ ਸਮਰਿਧ ਹੁੰਦਾ ਹੈ। ਸਥਿਤੀ ਦਾ ਦੂਜਾ ਪਾਸਾ ਇਹ ਹੈ ਕਿ "ਬਹੁ-ਸਭਿਆਚਾਰਵਾਦ ਵਿਚ ਵੀ ਭਾਰੂ ਧਿਰ ਦੀ ਸਰਦਾਰੀ (Hegemony) ਖ਼ਤਮ ਨਹੀਂ ਹੋ ਜਾਂਦੀ। ਜੇ ਅਸੀਂ ਇਹ ਕਹੀਏ ਕਿ

ਬਹੁ-ਸਭਿਆਚਾਰਵਾਦ ਸਾਰੇ ਧਾਰਮਿਕ ਵਿਸ਼ਵਾਸ਼ਾਂ ਅਤੇ ਵਿਚਾਰਾਂ ਨੂੰ ਬਰਾਬਰ ਗਿਣਦਾ ਹੈ ਤਾਂ ਇਹ ਵੀ ਸਾਡੀ ਗ਼ਲਤੀ ਹੋਵੇਗੀ। ਇਹ ਠੀਕ ਹੈ ਕਿ ਬਹੁ-ਸਭਿਆਚਾਰਵਾਦ ਇਕ ਸਭਿਆਚਾਰ ਨੂੰ ਦੂਜੇ ਸਭਿਆਚਾਰ ਵਿਚ ਅਭੇਦ (Marge) ਕਰਦਾ ਹੈ। ਪਰ ਫਿਰ ਵੀ ਇਸ ਵਿਚ ਇਕ ਵਰਲਡ ਬਿਊਰੋ ਦੀ ਸਰਦਾਰੀ ਕਾਇਮ ਰਹਿੰਦੀ ਹੈ, ਇਹ ਸਰਦਾਰੀ ਬੇਸ਼ਕ ਲੁਕੀ ਛੁਪੀ ਕਿਉਂ ਨਾ ਹੋਵੇ।"[4] ਇਸ ਸਭ ਦੇ ਬਾਵਜੂਦ ਬਹੁ-ਸਭਿਆਚਾਰਵਾਦ ਇਕ ਸਾਕਾਰਾਤਮਕ ਵਰਤਾਰਾ ਹੈ ਜੋ ਵਿਭਿੰਨ ਸਭਿਆਚਾਰਕ ਸਮੂਹਾਂ ਦੀਆਂ ਵਿਲੱਖਣ ਸਭਿਆਚਾਰਕ ਪਛਾਣਾਂ ਨੂੰ ਬਰਕਰਾਰ ਰੱਖਦੇ ਹੋਏ ਨਾ-ਕੇਵਲ ਸਭਿਆਚਾਰਕ ਸਹਿਹੋਂਦ ਨਾਲ ਰਹਿਣ ਦਾ ਨੁਕਤਾ ਪ੍ਰਸਤੁਤ ਕਰਦਾ ਹੈ ਸਗੋਂ ਗੌਰਵਮਈ ਸਭਿਆਚਾਰਕ ਬਰਾਬਰਤਾ ਦੇ ਸਰੋਕਾਰਾਂ ਤੱਕ ਵੀ ਰਸਾਈ ਕਰਦਾ ਹੈ। ਇਸ ਪ੍ਰਸੰਗਿਕ ਸਥਿਤੀ ਵਿਚ ਪਰਵਾਸੀ ਪੰਜਾਬੀ ਨਾਟਕ ਨੂੰ ਬਹੁ-ਸਭਿਆਚਾਰਵਾਦ ਦੇ ਪਰਿਪੇਖ ਵਿਚ ਵਿਚਾਰਣਾ ਵਧੇਰੇ ਸਾਰਥਿਕ ਨਜ਼ਰ ਆਉਂਦਾ ਹੈ।

ਬਹੁ-ਸਭਿਆਚਾਰਵਾਦ ਦੀ ਦ੍ਰਿਸ਼ਟੀ ਤੋਂ ਵੇਖਿਆਂ ਪਰਵਾਸੀ ਪੰਜਾਬੀ ਨਾਟਕ ਵਿਚ ਬਹੁ-ਸਭਿਆਚਾਰਕ ਸਮਾਜਾਂ ਵਿਚ ਵਿਚਰ ਰਹੇ ਪਰਵਾਸੀ ਪੰਜਾਬੀ ਭਾਈਚਾਰੇ ਦੇ ਅਨੇਕ ਸਭਿਆਚਾਰਕ ਮਸਲਿਆਂ ਨੂੰ ਨਾਟਕੀ ਰੂਪਾਂਤਰਣ ਵਿਚ ਢਾਲਿਆ ਗਿਆ ਹੈ। ਇਹਨਾਂ ਵਿਚ ਸਭ ਤੋਂ ਵੱਡਾ ਮਸਲਾ ਸਭਿਆਚਾਰਕ ਪਛਾਣ ਦਾ ਹੈ। ਪੱਛਮੀ ਵਿਕਸਿਤ ਅਤੇ ਬਹੁ-ਸਭਿਆਚਾਰਕ ਸਮਾਜਾਂ ਵਿਚ ਵਿਚਰ ਰਹੇ ਪਰਵਾਸੀ ਪੰਜਾਬੀ ਭਾਈਚਾਰੇ ਦੀ ਪਹਿਲੀ ਤੇ ਦੂਜੀ ਪੀੜ੍ਹੀ ਆਪਣੀ ਮੂਲ ਪਛਾਣ ਬਣਾਉਣ ਲਈ ਸੰਘਰਸ਼ੀਲ ਨਜ਼ਰ ਆਉਂਦੀ ਹੈ ਪਰੰਤੂ ਤੀਜੀ ਪੀੜ੍ਹੀ ਪੱਛਮੀ ਮੁਲਕਾਂ ਦੇ ਖ਼ਪਤਵਾਦੀ ਸਭਿਆਚਾਰ ਵਿਚ ਜੰਮੀ-ਪਲੀ ਹੋਣ ਕਰਕੇ ਆਪਣੀ ਨਿੱਜੀ-ਇੱਛਾ ਮੁਤਾਬਿਕ ਨਵੀਂ ਪੱਛਮੀ ਪਛਾਣ ਬਣਾਉਣ ਲਈ ਤੱਤਪਰ ਨਜ਼ਰ ਆ ਰਹੀ ਹੈ। "ਪਰਵਾਸੀ ਪੰਜਾਬੀਆਂ ਦੀ ਨਵੀਂ ਪੀੜ੍ਹੀ ਦੀ ਜੀਵਨ ਜਾਚ ਉੱਤੇ ਓਪਰੀ ਜਿਹੀ ਝਾਤ ਵੀ ਇਹ ਦੱਸਣ ਲਈ ਕਾਫ਼ੀ ਹੈ ਕਿ ਉਨ੍ਹਾਂ ਦੇ ਸਿਰਫ਼ ਪਹਿਰਾਵੇ, ਖਾਣ-ਪੀਣ, ਮਨੋਰੰਜਨ ਦੇ ਸਾਧਨਾਂ, ਬੋਲੀ, ਸੁਹਜ-ਵਿਹਾਰ ਆਦਿ ਦੇ ਤੌਰ-ਤਰੀਕੇ (Patterns) ਹੀ ਨਹੀਂ ਬਦਲੇ ਸਗੋਂ ਉਹਨਾਂ ਦੇ ਸੁਭਾਅ ਅਤੇ ਜੀਵਨ-ਦ੍ਰਿਸ਼ਟੀ ਵੀ ਪਰਿਵਰਤਿਤ ਹੋ ਚੁੱਕੀ ਹੈ। ਹੁਣ ਉਹ ਨਵੇਂ ਵਸਤੂ ਯਥਾਰਥ ਨੂੰ ਪੱਛਮੀ ਵਿਸ਼ਵ-ਦ੍ਰਿਸ਼ਟੀ ਅਨੁਕੂਲ ਗ੍ਰਹਿਣ ਕਰਨ ਦਾ ਯਤਨ

ਕਰਦੇ ਹਨ।"[5] ਇਉਂ ਅਤਿ-ਵਿਕਸਿਤ ਪੱਛਮੀ ਬਹੁ-ਸਭਿਆਚਾਰਕ ਮੁਲਕਾਂ ਵਿਚ ਵਸਦੇ ਪਰਵਾਸੀ ਪੰਜਾਬੀ ਭਾਈਚਾਰੇ ਦੀ ਨਵੀਂ ਪੀੜ੍ਹੀ ਬੱਚੇ (ਮੁੰਡੇ ਤੇ ਕੁੜੀਆਂ) ਮੁਖ-ਧਾਰਾ ਦੇ ਸਭਿਆਚਾਰ ਵਿਚ ਵਲੀਨੀਕਰਨ ਦੀ ਰੁਚੀ ਤਹਿਤ ਵਿਚਰਦੇ ਹੋਏ ਉਸ ਸਭਿਆਚਾਰ ਦਾ ਅੰਗ ਬਨਣਾ ਲੋਚਦੇ ਹਨ, ਜਿਸ ਕਾਰਨ ਪੁਰਾਣੀ ਤੇ ਨਵੀਂ ਪੀੜ੍ਹੀ ਵਿਚ ਤਨਾਓ-ਟਕਰਾਓ ਦੀ ਸਥਿਤੀ ਪੈਦਾ ਹੁੰਦੀ ਹੈ। ਸਪੱਸ਼ਟ ਹੈ, ਪਰਵਾਸੀ ਪੰਜਾਬੀ ਭਾਈਚਾਰੇ ਦੀ ਆਰਥਿਕ ਮਜ਼ਬੂਰੀ ਦੇ ਪਰਵਾਸ ਅਤੇ ਵਸੇਬੇ ਉਪਰੰਤ ਵੱਡਾ ਮਸਲਾ ਉਸ ਦੇ ਬੇਜੋੜ ਪੂੰਜੀਵਾਦੀ ਸਮਾਜ-ਸਭਿਆਚਾਰਕ ਸਥਿਤੀਆਂ/ਪਰਿਸਥਤੀਆਂ ਵਿਚੋਂ ਉਪਜਦੀ ਪਛਾਣ ਅਤੇ ਸਮਾਜ-ਸਭਿਆਚਾਰਕ ਸੰਕਟਾਂ ਦਾ ਹੈ। ਪਰਵਾਸੀ ਪੰਜਾਬੀ ਭਾਈਚਾਰੇ ਦੇ ਸੰਕਟ ਹੁਣ ਭੂ-ਹੇਰਵੇ ਤੇ ਨਸਲੀ ਵਿਤਕਰੇ ਵਿਚੋਂ ਪੈਦਾ ਨਹੀਂ ਹੁੰਦੇ ਸਗੋਂ ਬਹੁ-ਸਭਿਆਚਾਰਕ ਸਮਾਜਾਂ ਵਿਚ ਵਾਪਰ ਗਏ ਕੁਝ ਅਸੁਖਾਵੇਂ ਵਰਤਾਰਿਆਂ ਵਿਚੋਂ ਪੈਦਾ ਹੁੰਦੇ ਹਨ। ਸਥਿਤੀ ਦਾ ਯਥਾਰਥ ਇਹ ਹੈ ਕਿ ਦਰਪੇਸ਼ ਸਭਿਆਚਾਰਕ ਸੰਕਟਾਂ ਨਾਲ ਦੋ-ਚਾਰ ਹੋਣ ਦੇ ਬਾਵਜੂਦ "ਪੰਜਾਬੀ ਡਾਇਸਪੋਰਾ ਦਾ ਜਿਨਾਂ ਖਿੰਡਾਅ ਹੋ ਚੁੱਕਿਆ ਹੈ ਇਸ ਅੰਦਰ ਕਿਸੇ ਇਕ ਭੂਗੋਲਿਕ ਕੇਂਦਰ 'ਤੇ ਇਕੱਤਰ ਹੋਣ ਦੀ ਤੀਬਰ ਤਾਂਘ ਨਹੀਂ ਹੈ। ਭਾਵ ਇਸ ਨੇ ਵਾਪਸ ਦੇਸ ਨਹੀਂ ਪਰਤਣਾ ਅਤੇ ਨਾ ਹੀ ਇਸ ਅੰਦਰ ਕੋਈ ਆਪਣੀ ਨਸਲੀ, ਧਾਰਮਿਕ ਜਾਂ ਭਾਸ਼ਾਈ ਸਰਦਾਰੀ ਸਥਾਪਿਤ ਕਰਨ ਦਾ ਭਾਵ ਹੈ। ਇਸ ਅੰਦਰ ਤਾਂ ਵੱਧ ਤੋਂ ਵੱਧ ਦੂਸਰੇ ਦੇਸਾਂ, ਧਰਮਾਂ, ਨਸਲਾਂ, ਸਭਿਆਚਾਰਾਂ, ਭਾਈਚਾਰਿਆਂ ਅੰਦਰ ਆਪਣੀ ਪਛਾਣ ਬਣਾਈ ਰੱਖਣ ਦੀ ਇੱਛਾ ਹੈ।"[6] ਉਹ ਬਹੁ-ਸਭਿਆਚਾਰਕ ਦੇਸ਼ਾਂ ਵਿਚ ਵਸਦਾ ਹੋਇਆ ਇਸ ਪਛਾਣ ਨੂੰ ਬਣਾਈ ਰੱਖਣ ਲਈ ਸਿਰਜੋੜ ਯਤਨ ਵੀ ਕਰ ਰਿਹਾ ਹੈ ਪ੍ਰੰਤੂ ਭਾਰੂ ਸਭਿਆਚਾਰ ਦੀ ਸਰਦਾਰੀ (Hegemony) ਦੇ ਪ੍ਰਭਾਵ ਕਾਰਨ ਨਵੀਂ ਪੀੜ੍ਹੀ ਦੇ ਪੱਛਮੀ ਖ਼ਪਤ ਸਭਿਆਚਾਰ ਵਿਚ ਵਿਲੀਨ ਹੋਣ ਦੀ ਪ੍ਰਕ੍ਰਿਆ ਨੂੰ ਰੋਕ ਪਾਉਣਾ ਨਾਮੁਮਕਿਨ ਨਜ਼ਰ ਆ ਰਿਹਾ ਹੈ ਕਿਉਂਕਿ ਨਵੀਂ ਪੀੜ੍ਹੀ ਦੇ ਨੌਜਵਾਨ ਮੁੰਡੇ-ਕੁੜੀਆਂ ਆਪਣੇ-ਆਪ ਨੂੰ ਉਸ ਸਮਾਜ ਅਤੇ ਸਭਿਆਚਾਰ ਦਾ ਅੰਗ ਸਮਝਦੇ ਹਨ। "ਦੂਜੈਲੇ ਦਰਜੇ ਦਾ ਸ਼ਹਿਰੀ ਹੋਣਾ ਉਨ੍ਹਾਂ ਦੀ ਮਾਨਸਿਕਤਾ ਦਾ ਹਿੱਸਾ ਨਹੀਂ। ਉਸ ਸਭਿਆਚਾਰ ਵਿਚ ਵਿਚਰ ਕੇ ਬੇਗਾਨਗੀ ਦਾ ਅਹਿਸਾਸ ਜਾਂ ਇੱਕਲਤਾ ਦਾ ਅਹਿਸਾਸ ਇਸ ਸ੍ਰੇਣੀ ਦਾ ਅਨੁਭਵ ਨਹੀਂ। ਇਹ ਸ੍ਰੇਣੀ ਆਪਣੇ ਆਪ ਨੂੰ ਉਸ ਸਭਿਆਚਾਰ ਦਾ ਹਿੱਸਾ ਸਮਝਦੀ ਹੈ ਤੇ ਉਸ ਸਮਾਜ ਵਿਚ

ਆਪਣੇ ਨਾਲ ਨਸਲ, ਜਾਤ ਤੇ ਧਰਮ ਦੇ ਆਧਾਰ 'ਤੇ ਹੁੰਦੇ ਵਿਤਕਰਿਆਂ ਤੋਂ ਆਚੰਭਿਤ ਹੈ। ਪਰੰਤੂ ਇਹ ਸਥਿਤੀ ਪਰਵਾਸੀਆਂ ਦੀ ਇਸ ਸ੍ਰੇਣੀ ਵਿਚ ਵਿਸ਼ਾਦ ਨਹੀਂ ਪੈਦਾ ਕਰ ਰਹੀ। ਆਪਣੇ ਮੂਲ ਦੇਸ ਪ੍ਰਤੀ ਉਨ੍ਹਾਂ ਦਾ ਮੋਹ ਭੰਜਿਤ ਹੈ। ਉਹ ਆਪਣੇ ਕਾਲਿਕ ਸਮਾਜ ਅਤੇ ਸਭਿਆਚਾਰ ਨਾਲ ਸੰਵਾਦ ਰਚਾਉਣਾ ਚਾਹੁੰਦੀ ਹੈ। ਆਪਣੇ ਹੱਕਾਂ ਦੀ ਪ੍ਰਾਪਤੀ ਲੋਚਦੀ ਹੈ।"[7] ਆਪਣੀ ਆਜ਼ਾਦੀ ਅਤੇ ਨਿੱਜੀ ਫ਼ੈਸਲਿਆਂ ਨੂੰ ਅਮਲੀ ਰੂਪ ਦੇਣ ਲਈ ਤਰਕ ਨਾਲ ਗੱਲ ਕਰਦੀ ਹੈ। ਇਹ ਸਭ ਕੁਝ ਬਹੁ-ਸਭਿਆਚਾਰਕ ਸਮਾਜਾਂ ਵਿਚ ਸੰਭਵ ਹੋ ਵੀ ਰਿਹਾ ਹੈ ਤੇ ਅਜਿਹੇ ਰੁਝਾਨ ਪਰਵਾਸੀ ਪੰਜਾਬੀਆਂ ਨੂੰ ਅਰਧ-ਜਾਗੀਰੂ ਕਦਰਾਂ-ਕੀਮਤਾਂ ਨੂੰ ਤਿਆਗਣ ਤੇ ਪੱਛਮੀ ਕਦਰਾਂ-ਕੀਮਤਾਂ ਨੂੰ ਪ੍ਰਵਾਨ ਕਰਨ ਦੀ ਸਹਿਣਸ਼ੀਲਤਾ ਵੀ ਪ੍ਰਦਾਨ ਕਰ ਰਹੇ ਹਨ। ਇਹਨਾਂ ਸਥਿਤੀਆਂ/ਪਰਿਸਥਤੀਆਂ ਦੇ ਵਸਤੂ ਵੇਰਵੇ ਪਰਵਾਸੀ ਪੰਜਾਬੀ ਨਾਟਕ ਵਿਚੋਂ ਸਪੱਸ਼ਟ ਪਛਾਣੇ ਜਾ ਸਕਦੇ ਹਨ। ਇਹ ਅਤਿ-ਵਿਕਸਿਤ ਤੇ ਬਹੁ-ਸਭਿਆਚਾਰਕ ਸਮਾਜਾਂ ਵਿਚ ਵਿਚਰਣ ਦਾ ਪ੍ਰਤੀਫ਼ਲ ਹੈ ਕਿ ਪਰਵਾਸੀ ਪੰਜਾਬੀ ਭਾਈਚਾਰੇ ਦੀ ਨਵੀਂ ਪੀੜ੍ਹੀ ਦੇ ਮੁੰਡੇ-ਕੁੜੀਆਂ ਅੰਤਰ-ਨਸਲੀ ਜਾਂ ਅੰਤਰ-ਜਾਤੀ ਵਿਆਹ ਆਪਣੀ ਮਰਜੀ ਨਾਲ ਕਰਨਾ ਚਾਹੁੰਦੇ ਹਨ ਪਰੰਤੂ ਉਹਨਾਂ ਦੇ ਮਾਪੇ ਆਪਣੀ ਮਰਜ਼ੀ ਨਾਲ ਉਨ੍ਹਾਂ ਦਾ ਵਿਆਹ ਆਪਣੇ ਸਮਾਜ-ਸਭਿਆਚਾਰ ਦੇ ਮੁੰਡੇ ਜਾਂ ਕੁੜੀ ਨਾਲ ਕਰਨਾ ਚਾਹੁੰਦੇ ਹਨ। ਅਜਿਹੀਆਂ ਬਹੁ-ਸਭਿਆਚਾਰਕ ਸਥਿਤੀਆਂ ਦੇ ਅੰਤਰ-ਵਿਰੋਧਾਂ ਅਤੇ ਅੰਤਰ-ਸੰਬੰਧਾਂ ਨੂੰ ਸਾਧੂ ਸੁਖਵੰਤ ਹੁੰਦਲ ਦੇ ਨਾਟਕ 'ਕਿਹਦਾ ਵਿਆਹ' ਵਿਚ ਸਮੱਗਰ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ। ਇਸ ਨਾਟਕ ਵਿਚ ਪਰਵਾਸੀ ਪੰਜਾਬੀ ਭਾਈਚਾਰੇ ਦੀ ਪੁਰਾਣੀ ਤੇ ਨਵੀਂ ਪੀੜ੍ਹੀ ਵਿਚਲੇ ਸਭਿਆਚਾਰਕ ਤਨਾਓ ਨੂੰ ਨਿਮਨ ਲਿਖਤ ਵਾਰਤਾਲਾਪ ਵਿਚੋਂ ਸਪੱਸ਼ਟ ਪਛਾਣਿਆ ਜਾ ਸਕਦਾ ਹੈ:

ਰਾਜੂ: ਉਦੋਂ ਇਦਾ ਇੱਜ਼ਤ ਮਿੱਟੀ 'ਚ ਨਹੀਂ ਰੁਲਦੀ, ਜਦੋਂ ਤੁਹਾਡੇ ਜ਼ਬਰਦਸਤੀ ਕੀਤੇ ਇਹ ਵਿਆਹ, ਡਾਈਵੋਰਸਾਂ 'ਚ ਟੁੱਟਦੇ ਆ?

ਬਬਲੀ: ਉਦੋਂ ਤੁਹਾਡੀ ਇੱਜ਼ਤ ਮਿੱਟੀ 'ਚ ਨਹੀਂ ਰੁਲਦੀ ਜਦੋਂ ਨਿਆਣੇ ਬਰਿਜਾਂ ਤੋਂ ਛਾਲਾਂ ਮਾਰਦੇ ਆ, ਸੁਆਸਾਈਡਜ਼ ਕਰਦੇ ਆ?

ਰਾਜੂ: ਤੇ ਦੱਸੋ ਤਾਂ, ਤੁਸੀ ਵੀ ਦੱਸੋ ਕਿ ਕਿੰਨਾ ਚਿਰ ਤੁਸੀਂ ਫੋਕੀਆਂ ਇੱਜ਼ਤਾਂ ਬਣਾਉਣ ਲਈ ਜ਼ਬਰਦਸਤੀ ਦੇ ਵਿਆਹ ਕਰਦੇ ਰਹੋਗੇ। ਕਿੰਨਾ ਕੁ ਚਿਰ?।"[8]

ਇਸ ਤਰ੍ਹਾਂ ਬਹੁ-ਸਭਿਆਚਾਰਕ ਸਮਾਜਾਂ ਵਿਚ ਵਿਰਦੇ ਪਰਵਾਸੀ ਪੰਜਾਬੀ ਭਾਈਚਾਰੇ ਦੀ ਪੁਰਾਣੀ ਤੇ ਨਵੀਂ ਪੀੜ੍ਹੀ ਵਿਚਲੇ ਤਨਾਓ ਨੂੰ ਦਰਸ਼ਨ ਸਿੰਘ ਗਿਆਨੀ ਦੇ ਨਾਟਕ 'ਡਿਪਟੀ ਦੀ ਧੀ' ਵਿਚ ਪ੍ਰਸਤੁਤ ਕੀਤਾ ਗਿਆ ਹੈ। ਨਾਟਕ ਦੇ ਨੌਜਵਾਨ ਪਾਤਰ ਨਵਜੋਤ ਨੂੰ ਉਸ ਦੇ ਮਾਪਿਆਂ ਵੱਲੋਂ ਉਸ ਨੂੰ ਆਪਣੀ ਅੰਗਰੇਜ਼ ਗ਼ਰਲ ਫਰੈਂਡ ਨੂੰ ਘਰ ਲਿਆਉਣ ਤੋਂ ਰੋਕਿਆ ਜਾਂਦਾ ਹੈ ਕਿਉਂਕਿ ਉਹ, ਉਸ ਦੀ ਦੋਸਤ ਨੂੰ ਪਸੰਦ ਨਹੀਂ ਕਰਦੇ ਪਰੰਤੂ ਇਸ ਦੇ ਬਾਵਜੂਦ ਨਵਜੋਤ ਆਪਣੇ ਮਾਪਿਆਂ ਤੋਂ ਬੇਪ੍ਰਵਾਹ ਹੋ ਕੇ ਨਾ-ਕੇਵਲ ਅੰਗਰੇਜ਼ ਕੁੜੀ ਨਾਲ ਰਹਿਣਾ ਪਸੰਦ ਕਰਦਾ ਹੈ ਸਗੋਂ ਆਪਣੇ ਮਾਂ-ਬਾਪ ਨੂੰ ਛੱਡਣ ਲਈ ਵੀ ਤਿਆਰ ਹੋ ਜਾਂਦਾ ਹੈ। ਮਿਸਾਲ ਵਜੋਂ ਨਾਟਕ ਦੇ ਇਹ ਨਾਟ-ਵੇਰਵੇ ਵੇਖੇ ਜਾ ਸਕਦੇ ਹਨ:

ਤੇਜੀ: ਜਰ੍ਹਾ ਤਸੱਲੀ ਨਾਲ ਗੱਲ ਕਰੋ। ਬੱਚਿਆਂ ਨਾਲ ਗਰਮ ਕਾਹਨੂੰ ਹੋਣਾ।

ਨਵਜੋਤ: ਫਰਾਈਡੇ ਕੀ ਹੋਇਆ ਸੀ। ਕਿਸ ਤਰ੍ਹਾਂ ਇਨਸਲਟ ਕਰਕੇ ਘਰੋਂ ਕੱਢਿਆ ਸੀ, ਫਰੈਂਡ ਸਮੇਤ ਮੈਨੂੰ ਵੀ।

ਪਾਲੀ: ਪਰ ਬਦਮਾਸ਼ ਗੋਰੀਆਂ ਕੁੜੀਆਂ ਨਾਲ ਤੇਰੀ ਫਰੈਂਡਸ਼ਿਪ ਨਹੀਂ ਚਾਹੀਦੀ।

ਇਹ ਬਰਦਾਸ਼ਤ ਨਹੀਂ ਹੋ ਸਕਦਾ।

ਨਵਜੋਤ: ਉਹ ਇਕ ਕੁੜੀ ਹੈ, ਤੇ ਇੰਗਲਿਸ਼ ਹੈ ਤਾਂ ਬਦਮਾਸ਼ ਹੋ ਗਈ। ਉਹ ਮੇਰੀ ਫਰੈਂਡ ਕਿਉਂ ਨਹੀਂ ਹੋ ਸਕਦੀ?[9]

ਸਪੱਸ਼ਟ ਹੈ, ਨਵੀਂ ਪੀੜ੍ਹੀ ਦੀ ਨੁਮਾਇੰਦਗੀ ਕਰ ਰਹੇ ਨਵਜੋਤ ਦਾ ਤਰਕ ਬਹੁ-ਸਭਿਆਚਾਰਵਾਦ ਦੀ ਦ੍ਰਿਸ਼ਟੀ ਤੋਂ ਮਹੱਤਵਪੂਰਨ ਹੈ। ਇਹ ਤਰਕ ਸਭਿਆਚਾਰਕ ਵਿਲੱਖਣਤਾ ਨੂੰ ਸਵਿਕਾਰਨ ਦਾ ਆਧਾਰ ਸਿਰਜਦਾ ਹੈ। ਇਸੇ ਤਰ੍ਹਾਂ ਦੇ ਤਰਕ-ਵਿਤਰਕ ਰਵਿੰਦਰ ਰਵੀ ਦੇ ਨਾਟਕ 'ਆਪੋ ਆਪਣੇ ਦਰਿਆ' ਵਿਚੋਂ ਵੀ ਪਛਾਣੇ ਜਾ ਸਕਦੇ ਹਨ। ਇਹ ਨਾਟਕ ਬਹੁ-ਸਭਿਆਚਾਰਕ ਸਮਾਜਾਂ ਵਿਚ ਉਤਪੰਨ ਹੋਏ ਪੁਰਾਣੇ ਤੇ ਨਵੇਂ ਸੰਕਲਪਾਂ ਵਿਚਲੇ

ਤਨਾਓ/ਟਕਰਾਓ, ਪੀੜ੍ਹੀ-ਪਾੜੇ ਕਾਰਨ ਸੋਚ ਵਿਚ ਆ ਰਹੀ ਤੇਜ ਤਬਦੀਲੀ, ਨਵੀਂ ਪੀੜ੍ਹੀ ਦੀ ਵਿਆਹ-ਸੰਸਥਾਂ ਤੋਂ ਨਾਬਰੀ, ਰਿਸ਼ਤਿਆਂ ਦੀ ਛਿਣਭੰਗਰਤਾ, ਔਰਤ-ਮਰਦ ਵਿਚ ਉਤਪੰਨ ਹੋ ਰਹੀਆਂ ਰਿਸ਼ਤਿਆਂ/ਸੰਬੰਧਾਂ ਦੀਆਂ ਨਵੀਆਂ ਸਮੀਕਰਨਾਂ ਕਾਰਨ ਉਤਪੰਨ ਹੋ ਰਹੀਆਂ ਮਨੋਗੁੰਝਲਾਂ ਆਦਿ ਨੂੰ ਸਮੱਗਰ ਰੂਪ ਵਿਚ ਪ੍ਰਸਤੁਤ ਕਰਦਾ ਹੈ। ਨਵੀਂ ਪੀੜ੍ਹੀ ਪੂੰਜੀਵਾਦੀ ਮੁਲਕਾਂ ਦੇ ਬਹੁ-ਸਭਿਆਚਾਰਕ ਸਮਾਜਾਂ ਵਿਚ ਵਿਚਰਦੀ ਹੋਈ ਜਿਥੇ ਪਰੰਪਰਕ ਸਭਿਆਚਾਰਕ ਪ੍ਰਤੀਮਾਨਾ ਨੂੰ ਚੁਣੌਤੀ ਦਿੰਦੀ ਹੈ ਉਥੇ ਪੱਛਮੀ ਖੁੱਲ੍ਹੇ ਸਭਿਆਚਾਰਕ ਵਰਤਾਰਿਆਂ ਨੂੰ ਅਪਣਾਉਣਾ ਸਮੇਂ ਦੀ ਲੋੜ ਸਮਝਦੀ ਹੈ। ਇਸ ਪ੍ਰਸੰਗ ਵਿਚ ਰਵਿੰਦਰ ਰਵੀ ਦੇ ਨਾਟਕ 'ਆਪੋ ਆਪਣੇ ਦਰਿਆ' ਵਿਚਲੇ ਪਾਤਰ ਕੁੜੀ ਤੇ ਪਿਤਾ ਵਿਚਕਾਰ ਹੋਏ ਵਾਰਤਾਲਾਪ ਨੂੰ ਵੇਖਿਆ ਜਾ ਸਕਦਾ ਹੈ:

ਕੁੜੀ-2: ਸ਼ਾਦੀ ਵੀ ਲਾਇਸੰਸ ਕਾਮ ਦਾ, ਤਿਥੀ-ਮੁਕਤ ਰਿਵਾਜ਼ ਤੇਰਾ। ਸ਼ਾਦੀ ਬਿਨ ਬੱਚੇ ਪਏ ਜੰਮਦੇ, ਬਦਲ ਰਿਹਾ ਸਮਾਜ ਤੇਰਾ।

ਵਕਫ਼ਾ

ਰਹਿੰਦੀ ਨਹੀਂ ਸ਼ਾਦੀ 'ਚ ਆਜ਼ਾਦੀ, ਬੰਧਨ ਹੈ ਇਹ, ਹੈ ਬਰਬਾਦੀ!!!

ਪਿਤਾ: ਸ਼ਾਦੀ ਬਿਨ ਵਫ਼ਾ ਕਿਥੇ ਹੈ? ਸੂਰਜ ਬਿਨ ਸ਼ੁਅ ਕਿਥੇ ਹੈ?

ਕੁੜੀ-2: ਛਿਣ ਤੋਂ ਛਿਣ ਤੱਕ ਹੈ ਵਫਾ, ਨਵੇਂ ਯੁਗ ਦੀ ਨਵੀਂ ਅਦਾ!10

ਇਉਂ ਬਹੁ-ਸਭਿਆਚਾਰਕ ਸਮਾਜਾਂ ਵਿਚ ਵਿਚਰਦੇ ਪਰਵਾਸੀ ਪੰਜਾਬੀ ਭਾਈਚਾਰੇ ਦੀ ਨਵੀਂ ਪੀੜ੍ਹੀ ਭਾਰੂ ਪੱਛਮੀ ਸਭਿਆਚਾਰ ਦੀਆਂ ਬਹੁਤ ਸਾਰੀਆਂ ਕਦਰਾਂ-ਕੀਮਤਾਂ ਨੂੰ ਆਤਮਸਾਤ ਕਰਕੇ ਇਸ ਵਿਚ ਜਿਉਣਾ ਸੌਖਾ ਮਹਿਸੂਸ ਕਰਦੀ ਹੈ ਪ੍ਰੰਤੂ ਪੁਰਾਣੀ ਪੀੜ੍ਹੀ ਦਾ ਸੰਕਟ ਇਹ ਹੈ ਕਿ ਉਹ ਆਪਣੇ ਅੰਦਰੋਂ ਪੰਜਾਬੀ ਸਭਿਆਚਾਰ ਦੀਆਂ ਜਾਗੀਰੂ ਕਦਰਾਂ-ਕੀਮਤਾਂ ਨੂੰ ਪੂਰੀ ਤਰ੍ਹਾਂ ਖਾਰਜ ਨਹੀਂ ਕਰ ਸਕੀ। ਇਸ ਕਰਕੇ ਉਹ ਪੱਛਮੀ ਸਭਿਆਚਾਰਕ ਪਰਿਵੇਸ਼ ਵਿਚ ਆਪਣੀ ਵੱਖਰੀ ਸਭਿਆਚਾਰਕ ਤੇ ਧਾਰਮਿਕ ਪਛਾਣ ਕਰਕੇ ਹੁੰਦੇ ਵਿਤਕਰਿਆਂ ਨੂੰ ਜ਼ਿਆਦਾ ਮਹਿਸੂਸ ਕਰਦੇ ਹਨ। ਪਰਵਾਸੀਆਂ ਦੀ ਇਸ ਵਿਡੰਬਨਾਕਾਰੀ

ਸਥਿਤੀ ਨੂੰ ਅਜਮੇਰ ਰੋਡੇ ਦਾ ਨਾਟਕ 'ਦੂਜਾ ਪਾਸਾ' ਸਮੱਗਰ ਰੂਪ ਵਿਚ ਪੇਸ਼ ਕਰਦਾ ਹੈ। ਇਸ ਨਾਟਕ ਦੀ ਮੂਲ ਸਮੱਸਿਆ ਮੁਖ ਪਾਤਰ ਹਰਨਾਮ ਸਿੰਘ ਦੀ ਕੁਝ ਸ਼ਰਾਰਤੀ ਅੰਗਰੇਜ਼ ਮੁੰਡਿਆਂ ਵੱਲੋਂ ਵੱਖਰੀ ਸਭਿਆਚਾਰਕ ਪਛਾਣ ਕਾਰਨ ਉਸ ਦਾ ਉਡਾਇਆ ਗਿਆ ਮਜ਼ਾਕ ਹੈ ਕਿਉਂਕਿ ਉਹ ਪੱਗੜੀਧਾਰੀ ਹੋਣ ਕਰਕੇ ਉਸ ਨੂੰ ਨਿਮਨ ਦਰਜੇ ਦਾ ਸਮਝਦੇ ਹਨ ਤੇ ਬੇਅਦਬ ਭਾਸ਼ਾ ਦਾ ਪ੍ਰਯੋਗ ਕਰਦੇ ਹੋਏ ਪੱਗ ਦੀ ਬੇਅਦਬੀ ਵੀ ਕਰਦੇ ਹਨ। ਇਸ ਘਟਨਾ ਤੋਂ ਬਾਅਦ ਹਰਨਾਮ ਸਿੰਘ ਦੇ ਘਰ ਇਹ ਵਿਚਾਰ ਹੁੰਦਾ ਹੈ ਕਿ "ਕੈਨੇਡਾ ਵਿਚ ਰਹਿੰਦੇ ਹੋਏ ਪੰਜਾਬੀ ਸਿੱਖ ਆਪਣੀ ਸਭਿਆਚਾਰਕ ਤੇ ਧਾਰਮਿਕ ਪਛਾਣ ਕਿਵੇਂ ਬਣਾਈ ਰੱਖਣ? ਦੂਜਾ ਪੱਗ ਤੇ ਕੇਸਾਂ ਦਾ ਕੀ ਕੀਤਾ ਜਾਵੇ? ਹਰਨਾਮ ਸਿੰਘ ਦਾ ਦੋਸਤ ਕਿਰਪਾਲ ਸਿੰਘ ਪੱਗ ਰੱਖਣ ਤੇ 'ਦੜ ਵੱਟ ਜ਼ਮਾਨਾ ਕੱਟ ਭਲੇ ਦਿਨ ਆਉਣਗੇ' ਦੀ ਅੰਤਰ-ਦ੍ਰਿਸ਼ਟੀ ਪੇਸ਼ ਕਰਦਾ ਹੈ। ਗੁਰਦੀਪ, ਹਰਨਾਮ ਸਿੰਘ ਦਾ ਲੜਕਾ 'ਆਪਣੀ ਇੱਛਾ' ਅਨੁਸਾਰ ਜੀਵਨ ਢੰਗ ਅਪਣਾਉਣ ਲਈ ਕਹਿੰਦਾ ਹੈ। ਉਸ ਅਨੁਸਾਰ ਕੇਸ ਤੇ ਪੱਗੜੀ ਰੱਖਣਾ ਜਾਂ ਛੱਡਣਾ ਮਨੁੱਖ ਦੀ ਨਿੱਜੀ ਪਸੰਦ ਦਾ ਮਸਲਾ ਹੈ। ਇਸ ਵਿਚ ਦਖ਼ਲ ਅੰਦਾਜ਼ੀ ਕਰਨ ਦਾ ਮਤਲਬ ਨਿੱਜੀ ਆਜ਼ਾਦੀ 'ਤੇ ਕੀਤਾ ਗਿਆ ਹਮਲਾ ਹੈ, ਜੋ ਉਸ ਅਨੁਸਾਰ ਨਹੀਂ ਹੋਣਾ ਚਾਹੀਦਾ। ਹਰਨਾਮ ਸਿੰਘ ਦੇ ਚਾਚੇ ਦਾ ਮੁੰਡਾ ਬਲਵੰਤ ਸਿੰਘ ਤਰਕ ਦਿੰਦਾ ਹੈ ਕਿ ਕੈਨੇਡਾ ਵਿਚ ਰਹਿੰਦੇ ਹੋਏ ਕੁਝ ਕੁ ਪਰਵਾਸੀ ਆਪਣੀ ਵੱਖਰੀ ਸਭਿਆਚਾਰਕ/ਧਾਰਮਿਕ ਪਛਾਣ ਨਹੀਂ ਰੱਖ ਸਕਦੇ, ਇਸ ਲਈ ਸਿੱਖ ਹੋਣ ਦੀ ਵੱਖਰੀ ਪਛਾਣ ਖ਼ਤਮ ਕਰਕੇ ਬਦੇਸ਼ੀ ਸਭਿਆਚਾਰ ਵਿਚ ਹੀ ਵਿਲੀਨ ਹੋ ਜਾਣਾ ਚਾਹੀਦਾ ਹੈ।"[11] ਇਉਂ ਨਾਟਕ ਵਿਚੋਂ ਬਹੁ-ਸਭਿਆਚਾਰਵਾਦ ਦੇ ਅੰਤਰਗਤ ਪੈਦਾ ਹੋਈਆਂ ਤਿੰਨ ਤਰ੍ਹਾਂ ਦੀਆਂ ਅੰਤਰ-ਦ੍ਰਿਸ਼ਟੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਪਹਿਲੀ ਅੰਤਰ ਦ੍ਰਿਸ਼ਟੀ ਆਪਣੀ ਵਿਲੱਖਣ ਸਭਿਆਚਾਰਕ ਤੇ ਧਾਰਮਿਕ ਪਛਾਣ ਨੂੰ ਬਣਾਈ ਰੱਖਣ ਦੇ ਨਾਲ-ਨਾਲ ਬਹੁ-ਸਭਿਆਚਾਰਕ ਸਮਾਜਾਂ ਵਿਚ ਜੀਣ-ਥੀਣ ਦੀ ਹੈ, ਜਿਸ ਦਾ ਕੇਂਦਰੀ ਨੁਕਤਾ 'ਦੱੜ ਵੱਟ ਜਮਾਨਾ ਕੱਟ ਭਲੇ ਦਿਨ ਆਉਣਗੇ' ਵਿਚ ਨਿਹਿਤ ਹੈ ਜੋ ਭਵਿੱਖ ਵਿਚ ਬਹੁ-ਸਭਿਆਚਾਰਵਾਦ ਦੇ ਅੰਤਰਗਤ ਆਪਣੀ ਵੱਖਰੀ ਪਛਾਣ ਸਮੇਤ ਪ੍ਰਵਾਨ ਹੋਵੇਗਾ। ਦੂਜੀ ਅੰਤਰ-ਦ੍ਰਿਸ਼ਟੀ ਬਹੁ-ਸਭਿਆਚਾਰਕ ਸਮਾਜਾਂ ਵਿਚ ਆਪਣੀ ਵੱਖਰੀ ਸਭਿਆਚਾਰਕ ਤੇ ਧਾਰਮਿਕ ਪਛਾਣ ਸਮੇਤ ਕਾਨੂੰਨੀ ਤੌਰ 'ਤੇ ਬਰਾਬਰੀ ਦਾ ਨੁਕਤਾ ਪੇਸ਼ ਕਰਦੀ ਹੈ। ਤੀਜੀ

ਅੰਤਰ-ਦ੍ਰਿਸ਼ਟੀ ਆਪਣੀ ਵੱਖਰੀ ਸਭਿਆਚਾਰਕ ਤੇ ਧਾਰਮਿਕ ਪਛਾਣ ਨੂੰ ਤਿਆਗ ਕੇ ਭਾਰੂ ਪੱਛਮੀ ਸਭਿਆਚਾਰ ਵਿਚ ਵਿਲੀਨ ਹੋ ਜਾਣ ਦਾ ਤਰਕ ਸਿਰਜਦੀ ਹੈ। ਇਹੋ ਤਿੰਨੋਂ ਤਰ੍ਹਾਂ ਦੀਆਂ ਅੰਤਰ-ਦ੍ਰਿਸ਼ਟੀਆਂ ਬਹੁ-ਸਭਿਆਚਾਰਵਾਦ ਦੀਆਂ ਅਗਲੇਰੀਆਂ ਸੰਭਾਵਨਾਵਾਂ ਦੀ ਨਿਸ਼ਾਨਦੇਹੀ ਕਰਦੀਆਂ ਜਾਪਦੀਆਂ ਹਨ।

ਬਹੁ-ਸਭਿਆਚਾਰਵਾਦ ਦੀ ਦ੍ਰਿਸ਼ਟੀ ਤੋਂ ਵੇਖਿਆਂ ਪਰਵਾਸੀ ਪੰਜਾਬੀ ਨਾਟਕ ਵਿਚ ਔਰਤ ਦੇ ਸਭਿਆਚਾਰਕ ਅਵਚੇਤਨ ਦੇ ਕਈ ਪਾਸਾਰ ਦ੍ਰਿਸ਼ਟੀਗੋਚਰ ਹੁੰਦੇ ਹਨ। "ਉਹ ਇਕੋ ਸਮੇਂ ਆਪਣੇ ਮੂਲ ਸਭਿਆਚਾਰ ਪ੍ਰਤੀ ਮੋਹ ਅਤੇ ਨਫ਼ਰਤ ਦੇ ਰਿਸ਼ਤੇ ਵਿਚ ਬੱਝੀ ਹੋਈ ਨਜ਼ਰ ਆਉਂਦੀ ਹੈ। ਆਪਣੇ ਸਭਿਆਚਾਰ ਪ੍ਰਤੀ ਲਗਾਅ ਹੋਣਾ ਕੁਦਰਤੀ ਹੈ ਪਰ ਪੰਜਾਬੀ ਸਭਿਆਚਾਰ ਦੀ ਜਗੀਰੂ ਮਾਨਸਿਕਤਾ ਉਸ ਅੰਦਰ ਰੋਹ ਪੈਦਾ ਕਰਦੀ ਹੈ। ਇਸ ਲਈ ਪੱਛਮੀ ਸਭਿਆਚਾਰ ਉਸ ਨੂੰ ਮੁਕਾਬਲਤਨ ਵਧੇਰੇ ਆਜ਼ਾਦੀ ਦੇਣ ਵਾਲਾ ਪ੍ਰਤੀਤ ਹੁੰਦਾ ਹੈ।"12 ਔਰਤ ਦੀ ਇਸੇ ਆਜ਼ਾਦੀ ਦੇ ਸਵਾਲ ਨੂੰ ਸਾਧੂ ਸੁਖਵੰਤ ਹੁੰਦਲ ਦਾ ਨਾਟਕ 'ਲੱਤਾਂ ਦੇ ਭੂਤ' ਵਿਸ਼ੇਸ਼ ਰੂਪ ਵਿਚ ਉਭਾਰਦਾ ਹੈ। ਨਾਟਕ ਦੀ ਪਾਤਰ ਸ਼ਮਿੰਦਰ ਪਹਿਲੋ-ਪਹਿਲ ਤਾਂ ਪੰਜਾਬੀ ਸਭਿਆਚਾਰ ਦੇ ਅੰਤਰਗਤ ਆਪਣੇ ਪਤੀ ਦੇ ਸਹੁਰਾ ਪਰਿਵਾਰ ਵੱਲੋਂ ਕੀਤੇ ਜ਼ੁਲਮਾਂ ਨੂੰ ਆਪਣੇ ਪਿੰਡੇ ਤੇ ਹੰਢਾਉਂਦੀ ਹੈ ਪਰੰਤੂ ਜਦੋਂ ਉਹ ਪੱਛਮੀ ਸਭਿਆਚਾਰ ਵਿਚ ਮਿਲੀ ਔਰਤ ਦੀ ਆਜ਼ਾਦੀ ਦੇ ਨੁਕਤੇ ਨੂੰ ਪਛਾਣਦੀ ਹੈ ਤਾਂ ਉਹ ਸਮਝ ਜਾਂਦੀ ਹੈ ਕਿ ਉਸ ਨੂੰ ਸੰਕਟ ਵਿਚ ਪਾਉਣ ਵਾਲੇ ਅਸਲ ਵਿਚ ਲੱਤਾਂ ਦੇ ਭੂਤ ਹਨ ਜੋ ਪਿਆਰ ਨਾਲ ਨਹੀਂ ਸਗੋਂ ਲੱਤਾਂ ਨਾਲ ਹੀ ਸੁਧਾਰਣਗੇ। ਉਹ ਕਹਿੰਦੀ ਹੈ:

ਸ਼ਮਿੰਦਰ: ਆਪਣੇ ਭੂਤ ਹੁਣ ਮੈਂ ਆਪ ਹੀ ਕੱਢੂ।[13]

ਇਸੇ ਤਰ੍ਹਾਂ ਔਰਤ ਦੀ ਆਜ਼ਾਦੀ ਦੇ ਸਵਾਲ ਨੂੰ ਵਿਭਿੰਨ ਪਰਤਾਂ ਸਮੇਤ ਪੇਸ਼ ਕਰਦਾ ਅਜਮੇਰ ਰੋਡੇ ਨਾਟਕ ਨਿਰਲੱਜ ਹੈ। ਨਾਟਕ ਪੰਜਾਬੀ ਸਮਾਜ-ਸਭਿਆਚਾਰ ਲਈ ਕਲੰਕ ਬਣੀ ਹੋਈ 'ਕੰਨਿਆ ਭਰੂਣ ਹੱਤਿਆ' ਦੀ ਪ੍ਰਥਾ 'ਤੇ ਪ੍ਰਸ਼ਨ ਲਾਉਂਦਾ ਹੈ ਜੋ ਕੈਨੇਡਾ ਵਰਗੇ ਬਹੁ-ਸਭਿਆਚਾਰਕ ਸਮਾਜ ਵਿਚ ਵੀ ਪਰਵਾਸੀ ਪੰਜਾਬੀ ਆਪਣੇ ਨਾਲ ਹੀ ਲੈ ਗਏ ਹਨ। ਨਾਟਕ ਦੀ ਮੁੱਖ ਪਾਤਰ 'ਤੋਸ਼ੀ' ਆਪਣੀ ਕੁਖ ਵਿਚਲੀ ਧੀ ਨੂੰ ਜਨਮ ਦੇਣਾ ਚਾਹੁੰਦੀ

ਹੈ ਪਰੰਤੂ ਉਸ ਦਾ ਪਤੀ 'ਹੈਰੀ' ਉਸ ਬੱਚੀ ਨੂੰ ਕੁੱਖ ਵਿਚ ਹੀ ਕਤਲ ਕਰਾਉਣਾ ਚਾਹੁੰਦਾ ਹੈ। ਤੋਸ਼ੀ ਆਪਣੀ ਨਣਾਨ ਸ਼ਮੀ (ਜੋ ਤਲਾਕ ਸ਼ੁਦਾ ਹੈ ਤੇ ਕੈਨੇਡਾ ਵਿਚ ਔਰਤ ਦੇ ਹੱਕਾਂ ਲਈ ਲੜ ਰਹੀ ਹੈ) ਦੇ ਕਹਿਣ ਤੇ ਅਜਿਹਾ ਨਹੀਂ ਕਰਨਾ ਚਾਹੁੰਦੀ ਪਰੰਤੂ ਪਤੀ ਦਾ ਸਿੱਧਾ ਵਿਰੋਧ ਵੀ ਨਹੀਂ ਕਰਦੀ। ਹੈਰੀ ਉਸ ਦੇ ਅਜਿਹੇ ਵਿਵਹਾਰ ਤੋਂ ਤੰਗ ਆਇਆ ਤੋਸ਼ੀ ਨੂੰ ਤਲਾਕ ਦੇ ਕੇ ਆਪਣੀ ਸਾਲੀ ਸੋਫੀ ਨਾਲ ਵਿਆਹ ਕਰਵਾ ਕੇ ਮੁੰਡਾ ਪੈਦਾ ਕਰਨਾ ਚਾਹੁੰਦਾ ਹੈ ਪਰੰਤੂ ਸੋਫ਼ੀ ਆਪਣੀ ਭੈਣ ਦਾ ਘਰ ਟੁਟਦਾ ਵੇਖ ਜਹਿਰ ਨਿਗਲ ਕੇ ਆਤਮ ਹੱਤਿਆ ਕਰ ਲੈਂਦੀ ਹੈ। ਇਸ ਹਾਦਸੇ ਤੋਂ ਰੋਹ ਵਿਚ ਆਈ ਤੋਸ਼ੀ ਆਪਣੀ ਕੁੱਖ ਵਿਚਲੀ ਬੱਚੀ ਨੂੰ ਜਨਮ ਦੇਣ ਦਾ ਫੈਸਲਾ ਕਰਦੀ ਹੈ ਤੇ 'ਹੈਰੀ' ਨੂੰ ਵੰਗਾਰ ਕੇ ਕਹਿੰਦੀ ਹੈ:

ਤੋਸ਼ੀ: "(ਆਪਣੇ ਪੇਟ ਨੂੰ ਹੱਥ ਲਾ ਕੇ) ਮੈਂ ਤੇਰੀ ਇਸ ਪੇਟ ਵਿਚਲੀ ਧੀ ਦਾ ਨਾਮ ਸੋਫੀ ਰੱਖਿਆ ਹੈ। ਸੋਫੀ ਤੈਨੂੰ ਬਹੁਤ ਚੰਗੀ ਲਗਦੀ ਸੀ ਨਾ। ਇਹ ਸੋਫੀ ਹੁਣ ਜਨਮ ਲਵੇਗੀ, ਤੈਨੂੰ ਡੈਡੀ ਕਹੇਗੀ, ਔਹ ਸੋਫੀ ਤਾਂ ਮਰ ਗੀ, ਮੈਨੂੰ ਨਹੀਂ ਪਤਾ ਕਿਹਦਾ ਕਸੂਰ ਐ? ਤੇਰਾ, ਮੇਰਾ, ਸਮਾਜ ਦਾ-ਪਰ ਇਹ ਸੋਫੀ ਹੁਣ ਜਨਮ ਜ਼ਰੂਰ ਲਵੇਗੀ। ਔਰਤ ਤਾਂ ਇਕੋ ਹੈ, ਕਦੇ ਮਾਂ, ਕਦੇ ਭੈਣ, ਕਦੇ ਧੀ....।"[14]

ਇਸ ਤਰ੍ਹਾਂ ਇਹ ਨਾਟਕ ਬਹੁ-ਸਭਿਆਚਾਰਵਾਦ ਦੇ ਅੰਤਰਗਤ ਬਹੁ-ਸਭਿਆਚਾਰਕ ਸਮਾਜਾਂ ਵਿਚ ਵਿਚਰਦੀ ਔਰਤ ਵਿਚ ਆ ਰਹੀ ਸਭਿਆਚਾਰਕ ਚੇਤਨਾ ਨੂੰ ਕੇਂਦਰ ਵਿਚ ਰੱਖ ਕੇ ਔਰਤ ਦੀ ਆਜ਼ਾਦੀ ਪ੍ਰੋਰਤਤਾ ਕਰਦਾ ਹੋਇਆ ਪਰਵਾਸੀ ਪੰਜਾਬੀ ਭਾਈਚਾਰੇ ਦੇ ਪਰਿਪਰਕ ਅੰਤਰ-ਵਿਰੋਧਾਂ ਨੂੰ ਮੁਖਾਤਿਬ ਹੁੰਦਾ ਹੈ।

ਇਉਂ ਬਹੁ-ਸਭਿਆਚਾਰਵਾਦ ਦੀ ਦ੍ਰਿਸ਼ਟੀ ਤੋਂ ਪਰਖਿਆਂ ਪਰਵਾਸੀ ਪੰਜਾਬੀ ਨਾਟਕ ਅਜਿਹੇ ਬਹੁ-ਸਭਿਆਚਾਰਕ ਪ੍ਰਵਚਨ ਵਜੋਂ ਦ੍ਰਿਸ਼ਟੀਗੋਚਰ ਹੁੰਦਾ ਹੈ ਜਿਹੜਾ ਅਤਿ-ਵਿਕਸਤ ਤੇ ਬਹੁ-ਸਭਿਆਚਾਰਕ ਮੁਲਕਾਂ ਵਿਚ ਵਸਦੇ ਪਰਵਾਸੀ ਪੰਜਾਬੀ ਭਾਈਚਾਰੇ ਦੇ ਦੂਜੇ ਸਭਿਆਚਾਤਕ ਭਾਈਚਾਰਿਆਂ ਨਾਲ ਅੰਤਰ-ਸੰਬੰਧਾਂ ਅਤੇ ਅੰਤਰ-ਵਿਰੋਧਾਂ ਨੂੰ ਸਮੱਗਰ ਰੂਪ ਵਿਚ ਰਜਿਸਟਰ ਕਰਦਾ ਹੈ। ਇਹ ਬਹੁ-ਸਭਿਆਚਾਰ ਸਮਾਜਾਂ ਵਿਚ ਵਿਚਰ ਰਹੇ ਵਿਭਿੰਨ ਭਾਈਚਾਰਿਆਂ ਵਿਚ ਪੈਦਾ ਹੋ ਰਹੇ ਸਭਿਆਚਾਰਕ ਤਨਾਓ ਅਤੇ ਸਭਿਆਚਾਰਕ

ਸਹਿਹੋਂਦ ਵਿਚਲੇ ਵਿਵੇਕ ਨੂੰ ਤਲਾਸ਼ਦਾ ਹੋਇਆ ਵਿਸ਼ਵੀ ਸਥਿਤੀਆਂ ਦੇ ਸਨਮੁਖ ਬਹੁ-ਸਭਿਆਚਾਰਵਾਦ ਦੇ ਸਾਕਾਰਤਮਕ ਪਹਿਲੂਆਂ ਦਾ ਹਾਮੀ ਬਣਦਾ ਨਜ਼ਰ ਆਉਂਦਾ ਹੈ।

## ਟਿੱਪਣੀਆਂ ਅਤੇ ਹਵਾਲੇ


1. ਡਾ. ਹਰਚੰਦ ਸਿੰਘ ਬੇਦੀ, ਪਰਵਾਸੀ ਪੰਜਾਬੀ ਸਾਹਿਤ ਸੰਦਰਭ ਕੋਸ਼ (ਭਾਗ ਚੌਥਾ-ਨਾਟਕ), ਪੰਨਾ 218
2. ਡਾ. ਸੁਖਪ੍ਰੀਤ ਕੌਰ (ਸੰਪਾ.) ਬਹੁ-ਸਭਿਆਚਾਰਵਾਦ ਅਤੇ ਪੰਜਾਬੀ ਸਾਹਿਤ, ਪੰਨਾ 16
3. Gurpreet Mahajan, The Multicultural Path (Issues of Diversity and Discrimination in Democracy), P.11
4. ਪ੍ਰੋ. ਪ੍ਰੀਤਮ ਸਿੰਘ, "ਬਹੁ-ਸਭਿਆਚਾਰਵਾਦ ਅਤੇ ਪੰਜਾਬੀ ਡਾਇਸਪੋਰਾ", ਸੰਵਾਦ, ਜੁਲਾਈ-ਦਸੰਬਰ, 2019, ਪੰਨਾ 17
5. ਡਾ. ਬਲਦੇਵ ਸਿੰਘ ਧਾਲੀਵਾਲ, ਇੱਕੀਵੀਂ ਸਦੀ ਅਤੇ ਪੰਜਾਬੀ ਕਹਾਣੀ, ਪੰਨਾ 37
6. ਡਾ. ਰਜਿੰਦਰਪਾਲ ਸਿੰਘ, "ਪੰਜਾਬੀ ਡਾਇਸਪੋਰਕ ਕਵਿਤਾ: ਪਛਾਣ ਦਾ ਸੰਕਟ", ਪੰਜਾਬੀ ਡਾਇਸਪੋਰਾ, ਪੰਨਾ 169
7. ਸੁਰਿੰਦਰਪਾਲ ਸਿੰਘ (ਸੰਪਾ.), ਬਦੇਸ਼ੀ ਪੰਜਾਬੀ ਸਾਹਿਤ, ਪੰਨਾ 50
8. ਸਾਧੂ ਸੁਖਵੰਤ ਹੁੰਦਲ, ਪਿਕਟ ਲਾਈਟ ਤੇ ਹੋਰ ਨਾਟਕ, ਪੰਨਾ 104-105
9. ਦਰਸ਼ਨ ਸਿੰਘ ਗਿਆਨੀ, ਨਿਮਾਣੀਆਂ ਗਊਆਂ, ਪੰਨਾ 148
10. ਰਵਿੰਦਰ ਰਵੀ, ਆਪੋ ਆਪਣੇ ਦਰਿਆ, ਪੰਨਾ 97
11. ਡਾ. ਹਰਚੰਦ ਸਿੰਘ ਬੇਦੀ, ਉਹੀ, ਪੰਨਾ 169
12. ਡਾ. ਬਲਦੇਵ ਸਿੰਘ ਧਾਲੀਵਾਲ, ਬਹੁ-ਸਭਿਆਚਾਰਵਾਦ, ਪਛਾਣ ਦਾ ਸੰਕਟ ਅਤੇ ਪੰਜਾਬੀ ਕਹਾਣੀ, ਸੰਵਾਦ, ਜੁਲਾਈ-ਦਸੰਬਰ, 2019, ਪੰਨਾ 46
13. ਸਾਧੂ ਸੁਖਵੰਤ ਹੁੰਦਲ, ਲੱਤਾਂ ਦੇ ਭੂਤ, ਪੰਨਾ 14
14. ਅਜਮੇਰ ਰੋਡੇ, ਨਿਰਲੱਜ, ਪੰਨਾ